BRAMPTON

Media Release

ਤੁਰੰਤ ਰਿਲੀਜ ਲਈ

# 1 ਅਗਸਤ ਨੂੰ ਸਿਟੀ ਦੇ ਨਾਲ ਇਮੈਂਸੀਪੇਸ਼ਨ ਡੇ ਦਾ ਜਸ਼ਨ ਮਨਾਓ

ਬ੍ਰੈਂਪਟਨ, ਓਨਟੈਰੀਓ (15 ਜੁਲਾਈ, 2022) – ਸਿਟੀ ਆਫ ਬ੍ਰੈਂਪਟਨ ਤੁਹਾਨੂੰ, ਸੋਮਵਾਰ, 1 ਅਗਸਤ ਨੂੰ ਇਮੈਂਸੀਪੇਸ਼ਨ ਡੇ (Emancipation Day) ਦਾ ਜਸ਼ਨ ਮਨਾਉਣ ਲਈ ਸੱਦਾ ਦੇ ਰਹੀ ਹੈ। ਇਸ ਦਿਨ ਨੂੰ, ਪੂਰੀ ਦੁਨੀਆ ਵਿੱਚ ਅਫਰੀਕੀ ਵੰਸ਼ ਦੇ ਲੋਕਾਂ ਦੀ ਗੁਲਾਮੀ ਦੇ ਅੰਤ ਦੇ ਯਾਦਗਾਰ ਦਿਨ ਵਜੋਂ ਮਾਨਤਾ ਦਿੱਤੀ ਗਈ ਹੈ।

ਇਸ ਸਾਲ, ਇਮੈਂਸੀਪੇਸ਼ਨ ਪਾਰਕ (Emancipation Park) ਦੀ ਵਰ੍ਹੇਗੰਢ ਮਨਾਉਣ ਅਤੇ ਇਮੈਂਸੀਪੇਸ਼ਨ ਡੇ ਨੂੰ ਸਨਮਾਨਿਤ ਕਰਨ ਲਈ, ਸਿਟੀ ਦੁਪਹਿਰ ਤੋਂ ਲੈ ਕੇ ਰਾਤ 8 ਵਜੇ ਤੱਕ, ਇਮੈਂਸੀਪੇਸ਼ਨ ਪਾਰਕ ਵਿੱਚ ਕੈਰਿਬਿਅਨ ਫੈਸਟੀਵਲ (Caribbean Festival) ਦੀ ਮੇਜ਼ਬਾਨੀ ਕਰ ਰਹੀ ਹੈ। ਕਾਰਜਕਰਮ ਵਿੱਚ ਸ਼ਾਮਲ ਹੋਣ ਵਾਲੇ ਫੂਡ ਵਿਕਰੇਤਾਵਾਂ, ਕੈਰਿਬਿਅਨ ਕ੍ਰਾਫਟਰਸ ਮਾਰਕੀਟ (Caribbean Crafters Market), ਲਾਈਵ ਮਨੋਰੰਜਨ ਆਦਿ ਦਾ ਅਨੰਦ ਮਾਣਨਗੇ।

ਸਿਟੀ ਨੇ ਪਹਿਲੀ ਵਾਰ 2020 ਵਿੱਚ, ਡਿਕਸੀ 407 ਸਪੋਰਟਸ ਪਾਰਕ (Dixie 407 Sports Park) ਦਾ ਨਾਮ ਬਦਲ ਕੇ ਇਮੈਂਸੀਪੇਸ਼ਨ ਪਾਰਕ ਰੱਖਦੇ ਹੋਏ ਇਮੈਂਸੀਪੇਸ਼ਨ ਡੇ ਨੂੰ ਮਾਨਤਾ ਦਿੱਤੀ ਸੀ। ਇਸ ਪਾਰਕ ਵਿੱਚ ਛੋਟੀਆਂ ਅਤੇ ਵੱਡੀਆਂ ਸੌਕਰ ਪਿਚਾਂ ਅਤੇ ਕ੍ਰਿਕੇਟ ਗ੍ਰਾਊਂਡ ਹਨ। ਇਸ ਸਾਲ, ਸਿਟੀ ਹਰ ਵਿਅਕਤੀ ਨੂੰ ਸੱਦਾ ਦਿੰਦੀ ਹੈ ਕਿ ਕੈਰੇਬਿਅਨ ਵਿਰਸੇ ਅਤੇ ਅਜ਼ਾਦੀ, ਬ੍ਰੈਂਪਟਨ ਦੀ ਬਲੈਕ ਕਮਿਉਨਿਟੀ ਦੇ ਯੋਗਦਾਨ ਨੂੰ ਮਾਨਤਾ ਦੇਣ ਅਤੇ ਕਲਾ, ਸੱਭਿਆਚਾਰ, ਭੋਜਨ ਅਤੇ ਕਮਿਉਨਿਟੀ ਦੇ ਨਾਲ ਸ਼ਹਿਰ ਦੇ ਵੰਨ-ਸੁਵੰਨੇ ਮੋਜ਼ੈਕ ਦਾ ਜਸ਼ਨ ਮਨਾਓ।

ਇਸ ਕਾਰਜਕਰਮ ਬਾਰੇ, [Brampton.ca](https://www.brampton.ca) ਤੇ ਹੋਰ ਜਾਣਕਾਰੀ ਪ੍ਰਾਪਤ ਕਰੋ।

**ਹਵਾਲੇ**

"ਬ੍ਰੈਂਪਟਨ ਦਾ ਮੋਜ਼ੇਕ ਹੀ ਸਾਡੇ ਸ਼ਹਿਰ ਨੂੰ ਇੰਨਾ ਬੇਜੋੜ ਬਣਾਉਂਦਾ ਹੈ ਅਤੇ ਸਾਡੇ ਸਾਰਿਆਂ ਵਾਸਤੇ ਜਸ਼ਨ ਮਨਾਉਣ ਲਈ ਕੁਝ ਨਾ ਕੁਝ ਹੈ। ਅਸੀਂ ਨਿਵਾਸੀਆਂ ਨੂੰ ਸੱਦਾ ਦਿੰਦੇ ਹਾਂ ਕਿ 1 ਅਗਸਤ ਨੂੰ, ਇਮੈਂਸੀਪੇਸ਼ਨ ਡੇ ਦੇ ਮੌਕੇ ਤੇ ਕਲਾ, ਸੱਭਿਆਚਾਰ, ਭੋਜਨ ਅਤੇ ਕਮਿਉਨਿਟੀ ਦੇ ਇੱਕ ਦਿਨ ਲਈ ਅਤੇ ਕੈਰੇਬਿਅਨ ਵਿਰਸੇ ਅਤੇ ਅਜ਼ਾਦੀ ਅਤੇ ਬ੍ਰੈਂਪਟਨ ਵਿੱਚ ਬਲੈਕ ਕਮਿਉਨਿਟੀ ਦੇ ਯੋਗਦਾਨਾਂ ਨੂੰ ਮਾਨਤਾ ਦੇਣ ਲਈ ਸਾਡੇ ਨਾਲ ਜੁੜੋ। ਇਕੱਠੇ ਮਿਲਕੇ, ਅਸੀਂ ਅਤੀਤ ਨੂੰ ਯਾਦ ਕਰਾਂਗੇ, ਜਦੋਂ ਅਸੀਂ ਲਗਾਤਾਰ ਸਾਰਿਆਂ ਲਈ ਨਿਰਪੱਖ ਅਤੇ ਬਰਾਬਰੀ ਵਾਲੇ ਭਵਿੱਖ ਲਈ ਕੰਮ ਕਰ ਰਹੇ ਹਾਂ।"

*- ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਸਿਟੀ ਆਫ ਬ੍ਰੈਂਪਟਨ, ਕਾਰਜਸਥਾਨ ਅਤੇ ਸਾਡੀ ਕਮਿਉਨਿਟੀ ਦੋਵਾਂ ਵਿੱਚ, ਵੰਨ-ਸੁਵੰਨਤਾ, ਬਰਾਬਰੀ ਅਤੇ ਸ਼ਮੂਲੀਅਤ ਲਈ ਵਚਨਬੱਧ ਹੈ। ਅਸੀਂ ਨਿਵਾਸੀਆਂ ਨੂੰ ਸੱਦਾ ਦਿੰਦੇ ਹਾਂ ਕਿ ਸਾਡੇ ਇਮੈਂਸੀਪੇਸ਼ਨ ਡੇ ਦੇ ਕਾਰਜਕਰਮ ਵਿੱਚ ਸਾਡੇ ਨਾਲ ਜੁੜੋ ਅਤੇ ਗੱਲਬਾਤ ਕਰਨ ਅਤੇ ਬ੍ਰੈਂਪਟਨ ਵਿੱਚ ਬਲੈਕ ਸੱਭਿਆਚਾਰ ਅਤੇ ਬਲੈਕ ਕਮਿਉਨਿਟੀ ਦਾ ਜਸ਼ਨ ਮਨਾਉਣ ਵਿੱਚ ਸ਼ਾਮਲ ਹੋਵੋ।"

*- ਪਾੱਲ ਮੋਰਿਸਨ (Paul Morrison), ਇੰਟਰਿਮ ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

"ਇਮੈਂਸੀਪੇਸ਼ਨ ਡੇ ਨੂੰ ਪੂਰੀ ਦੁਨੀਆ ਵਿੱਚ ਬ੍ਰਿਟਿਸ਼ ਐਂਪਾਇਰ ਤੋਂ ਅਫਰੀਕੀ ਵੰਸ਼ ਦੇ ਲੋਕਾਂ ਦੀ ਗੁਲਾਮੀ ਦੇ ਅੰਤ ਦੇ ਯਾਦਗਾਰ ਦਿਨ ਵਜੋਂ ਮਾਨਤਾ ਦਿੱਤੀ ਗਈ ਹੈ। ਕਿਉਂਕਿ ਕਨੂੰਨ 1 ਅਗਸਤ, 1834 ਨੂੰ ਲਾਗੂ ਹੋਇਆ ਸੀ, ਇਹ ਅਫਰੀਕੀ ਅਤੇ ਬਲੈਕ ਅਪ੍ਰਵਾਸ ਤੇ ਵਿਚਾਰ ਕਰਨ ਅਤੇ ਵਿਰਸੇ ਅਤੇ ਸੱਭਿਆਚਾਰ ਦਾ

ਜਸ਼ਨ ਮਨਾਉਣ ਦਾ ਦਿਨ ਹੈ। ਇਹ, ਵੰਨ-ਸੁਵੰਨਤਾ, ਬਰਾਬਰੀ, ਸ਼ਮੂਲੀਅਤ ਅਤੇ ਐਂਟੀ-ਨਸਲਵਾਦ ਬਾਰੇ ਮਹੱਤਵਪੂਰਣ ਗੱਲਬਾਤ ਨੂੰ ਜਾਰੀ ਰੱਖਣ ਦਾ ਮੌਕਾ ਵੀ ਪ੍ਰਦਾਨ ਕਰਦਾ ਹੈ। ਇਸ ਗੱਲ ਤੇ ਧਿਆਨ ਦੇਣਾ ਮਹੱਤਵਪੂਰਣ ਹੈ ਕਿ ਅਪਰ ਕੈਨੇਡਾ (ਓਨਟੈਰੀਓ) ਨੇ ਗੁਲਾਮੀ ਦੀ ਪ੍ਰਥਾ ਦਾ ਹੌਲੀ-ਹੌਲੀ ਅੰਤ ਕਰਨ ਲਈ, 1793 ਵਿੱਚ ਇੱਕ ਐਕਟ ਪਾਸ ਕੀਤਾ ਸੀ ਅਤੇ ਜ਼ਿਆਦਾਤਰ ਕੈਨੇਡਿਅਨ ਸੂਬਿਆਂ ਨੇ, 1834 ਤੋਂ ਪਹਿਲਾਂ ਗੁਲਾਮੀ ਨੂੰ ਰੋਕਦੇ ਹੋਏ ਆਪਣੇ ਖੁਦ ਦੇ ਕਨੂੰਨ ਪਾਸ ਕੀਤੇ ਸਨ। ਅਫਰੀਕੀ ਅਤੇ ਕੈਰਿਬਿਅਨ ਵਿਰਸੇ ਅਤੇ ਅਜ਼ਾਦੀ ਦਾ ਜਸ਼ਨ, ਬ੍ਰੈਂਪਟਨ ਦੀ ਵੰਨ-ਸੁਵੰਨਤਾ ਦਾ ਜਸ਼ਨ ਮਨਾਉਣ ਲਈ ਅਤੇ ਕੈਨੇਡਾ ਵਿੱਚ ਅਤੇ ਪੂਰੀ ਦੁਨੀਆ ਵਿੱਚ, ਗੁਲਾਮੀ ਨੂੰ ਖਤਮ ਕਰਨ ਲਈ ਕਈ ਲੋਕਾਂ ਵੱਲੋਂ ਕੀਤੇ ਬਲਿਦਾਨਾਂ ਨੂੰ ਸਨਮਾਨਿਤ ਕਰਨ ਲਈ ਸਾਡੇ ਇਮੈਂਸੀਪੇਸ਼ਨ ਡੇ ਦੇ ਕਾਰਜਕਰਮ ਵਿੱਚ ਸਾਡੇ ਨਾਲ ਜੁੜੋ।"

- *ਮਿਸ਼ੇਲ ਬਰਨ (Michele Byrne), ਮੈਨੇਜਰ, ਇਕਵਿਟੀ ਆਫਿਸ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 70,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca